Vigilance Bureau Punjab

# Vigilance nabs two FCI officials, a private person in bribery case

## One FCI official absconding in this case

Chandigarh May 21 : Punjab Vigilance Bureau today registered a corruption case against four accused and arrested two FCI officials and a private person in this bribery case in Sangrur district.

Disclosing this here today a spokesperson of the State Vigilance Bureau said Om Parkash Technical Assistant (TA) and Amit Kumar Assistant Manager (AM) posted at FCI Sunam depot and a private person named Paramjeet Sharma have been arrested on the complaint of Sikanderjeet Singh of Patiala. In this case another accused Naresh Kumar Quality Controller FCI has been absconding.

He added that the complainant has approached the bureau and informed that the above accused were demanding Rs. 25,000 per truck in lieu of clearing quality checking of rice and storage at FCI godown Sunam in Sangrur district. After verifying the facts the vigilance team nabbed the accused TA Om Parkash red-handed in the presence of two official witnesses. Afterwards the Vigilance personnel have also arrested AM Amit Kumar and their accomplice, a private person Paramjit Singh for accepting bribed amount.

In this case the Bureau have registered a corruption case against all the above said accused under prevention of corruption act at vigilance bureau police station Patiala and further investigations are under progress. Vigilance has dispatched teams to nab the absconding officials in this bribery case.

------------------

ਵਿਜੀਲੈਂਸ ਬਿਓਰੋ ਪੰਜਾਬ

# ਐਫ.ਸੀ.ਆਈ ਦੇ ਦੋ ਮੁਲਾਜਮਾਂ ਸਮੇਤ ਇਕ ਪ੍ਰਾਇਵੇਟ ਵਿਅਕਤੀ ਰਿਸ਼ਵਤ ਲੈਣ ਦੇ ਦੋਸ਼ ਹੇਠ ਵਿਜੀਲੈਂਸ ਵਲੋਂ ਗ੍ਰਿਫਤਾਰ

## ਇਸ ਕੇਸ ਚ ਸ਼ਾਮਲ ਐਫ.ਸੀ.ਆਈ ਦੇ ਭਗੌੜੇ ਕੁਆਲਿਟੀ ਮੈਨੇਜਰ ਦੀ ਭਾਲ ਜਾਰੀ

ਚੰਡੀਗੜ੍ਹ 21 ਮਈ : ਪੰਜਾਬ ਵਿਜੀਲੈਂਸ ਬਿਓਰੋ ਨੇ ਭ੍ਰਿਸਟਾਚਾਰ ਦੇ ਦੋਸ ਹੇਠ ਐਫ.ਸੀ.ਆਈ. ਦੇ ਡਿਪੂ ਸੁਨਾਮ, ਜਿਲਾ ਸੰਗਰੂਰ ਵਿਖੇ ਤਾਇਨਾਤ ਤਿੰਨ ਕਰਮਚਾਰੀਆਂ ਤੇ ਉਂਨਾਂ ਦੇ ਸਾਥੀ ਇੱਕ ਆਮ ਵਿਅਕਤੀ ਖਿਲਾਫ ਮੁਕੱਦਮਾ ਦਰਜ ਕਰਕੇ ਇੱਕ ਤਕਨੀਕੀ ਸਹਾਇਕ, ਇੱਕ ਸਹਾਇਕ ਮੈਨੇਜਰ ਅਤੇ ਪ੍ਰਾਇਵੇਟ ਵਿਅਕਤੀ ਨੂੰ ਰਿਸ਼ਵਤ ਲੈਣ ਦੇ ਕੇਸ ਵਿਚ ਗ੍ਰਿਫਤਾਰ ਕਰ ਲਿਆ ਹੈ। ਇਸ ਤੋਂ ਇਲਾਵਾ ਇਸੇ ਕੇਸ ਵਿਚ ਸ਼ਾਮਲ ਐਫ.ਸੀ.ਆਈ ਦੇ ਕੁਆਲਿਟੀ ਮੈਨੇਜਰ ਦੀ ਭਾਲ ਜਾਰੀ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਜੀਲੈਂਸ ਬਿਓਰੋ ਦੇ ਬੁਲਾਰੇ ਨੇ ਦਸਿਆ ਕਿ ਐਫ.ਸੀ.ਆਈ ਸੁਨਾਮ ਵਿਖੇ ਤਾਇਨਾਤ ਤਕਨੀਕੀ ਸਹਾਇਕ ਓਮ ਪ੍ਰਕਾਸ਼, ਸਹਾਇਕ ਮੈਨੇਜਰ ਅਮਿਤ ਕੁਮਾਰ ਅਤੇ ਪ੍ਰਾਇਵੇਟ ਵਿਅਕਤੀ ਪਰਮਜੀਤ ਸ਼ਰਮਾ ਨੂੰ ਸ਼ਿਕਾਇਤਕਰਤਾ ਪਟਿਆਲਾ ਨਿਵਾਸੀ ਸਿਕੰਦਰਜੀਤ ਸਿੰਘ ਸ਼ਿਕਾਇਤ ਉੱਤੇ ਵਿਜੀਲੈਂਸ ਬਿਓਰੋ ਵਲੋਂ ਕਾਬੂ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਓਰੋ ਨੂੰ ਆਪਣੀ ਸ਼ਿਕਾਇਤ ਵਿੱਚ ਦੱਸਿਆ ਕਿ ਉਕਤ ਮੁਲਜਮਾਂ ਵਲੋਂ  ਐਸ.ਸੀ.ਆਈ ਸੁਨਾਮ ਦੇ ਗੁਦਾਮ ਵਿਖੇ ਚੋਲਾਂ ਦੀ ਸਟੋਰੇਜ ਕਰਨ ਅਤੇ ਕੁਆਲਟੀ ਚੈਕਿੰਗ ਕਰਨ ਦੇ ਇਵਜ ਵਿਚ 25000 ਰੁਪਏ ਪ੍ਰਤੀ ਟ੍ਰਕ ਰਿਸ਼ਵਤ ਦੀ ਮੰਗ ਕੀਤੀ ਗਈ ਹੈ

ਵਿਜੀਲੈਂਸ ਵਲੋਂ ਤੱਥਾਂ ਪੜਤਾਲ ਉਪਰੰਤ ਉਕਤ ਦੋਸ਼ੀ ਤਕਨੀਕੀ ਸਲਾਹਕਾਰ ਓਮ ਪ੍ਰਕਾਸ਼ ਅਤੇ ਪ੍ਰਾਇਵੇਟ ਵਿਅਕਤੀ ਪਰਮਜੀਤ ਸ਼ਰਮਾ ਦੋ ਸਰਕਾਰੀ ਗਵਾਹਾਂ ਦੀ ਹਾਜਰੀ ਵਿਚ 58,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕਰ ਲਿਆ। ਉਪਰੰਤ ਐਫ.ਸੀ.ਆਈ. ਡਿਪੂ ਦੇ ਸਹਾਇਕ ਮੈਨੇਜਰ ਅਮਿਤ ਕੁਮਾਰ ਨੂੰ ਵੀ ਸਹਿ ਦੋਸੀ ਵਜੋਂ ਗ੍ਰਿਫਤਾਰ ਕਰ ਲਿਆ। ਬੁਲਾਰੇ ਨੇ ਦੱਸਿਆ ਕਿ ਇਸੇ ਕੇਸ਼ ਵਿਚ ਸ਼ਾਮਲ ਕੁਆਲਟੀ ਮੈਨੇਜਰ ਨਰੇਸ਼ ਕੁਮਾਰ ਦੀ ਭਾਲ ਜਾਰੀ ਹੈ। ਉਕਤ ਸਾਰੇ ਦੋਸੀਆਂ ਖਿਲਾਫ ਵਿਜੀਲੈਂਸ ਬਿਉਰੋ ਦੇ ਪਟਿਆਲਾ ਸਥਿਤ ਥਾਣੇ ਵਿੱਚ ਭ੍ਰਿਸਟਾਚਾਰ ਰੋਕਥਾਮ ਕਾਨੂੰਨ ਤਹਿਤ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।